ਨੰ:7/204/2012-4ਐਫ.ਪੀ.1/66
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ, ਚੰਡੀਗੜ੍ਹ 15-1-2015

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜ਼ਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸ਼ਾ:- **ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸਬੰਧੀ।**

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵਲੋਂ ਵਿੱਤੀ ਸੰਜਮ ਰੱਖਦੇ ਹੋਏ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕੀਤੇ ਜਾਣ ਦੇ ਮੰਤਵ ਨਾਲ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਵੱਖ ਵੱਖ ਕੈਟਾਗਰੀਜ਼ ਦੀਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਕੁੱਝ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਲਈ ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰ: 7/204/2012-4ਵਿਪ1/60, ਮਿਤੀ 15-1-2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ-1, ਦੇ ਸਬੰਧਤ ਰੂਲਾਂ ਵਿੱਚ ਸੋਧ ਕੀਤੀ ਗਈ ਹੈ।

2. ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੀਤੀਆਂ ਸੋਧਾਂ ਉਪਰੰਤ ਸਿੱਧੀ ਭਰਤੀ ਤੇ ਤਨਖਾਹ ਦੇਣ ਸਬੰਧੀ ਹੇਠਾਂ ਅਨੁਸਾਰ ਸਥਿਤੀ ਹੋਵੇਗੀ:-

i) ਸਿੱਧੀ ਭਰਤੀ ਉਪਰੰਤ 2 ਸਾਲ ਦੇ ਪਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਆਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ-ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਗਰੇਡ ਪੇ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫ਼ਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ ;

ii) ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਉਸ ਆਸਾਮੀ ਤੇ ਮਿਲਣਯੋਗ ਪੇ-ਬੈਂਡ ਦੀ ਘੱਟੋ-ਘੱਟ ਤਨਖਾਹ, ਸਮੇਤ ਗਰੇਡ-ਪੇ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ;

iii) ਪਰਖ ਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿੱਚ ਪਾ ਕੇ, ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ;

iv) ਜੇਕਰ ਕਰਮਚਾਰੀ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਿਹਾ ਸੀ ਭਾਵੇਂ ਉਸ ਦਾ ਕਿਸੇ ਆਸਾਮੀ ਤੇ ਲੀਅਨ (Lien) ਹੈ ਤਾਂ ਉਸ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਉਪਰ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ;

v) ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊ ਡੀਫਾਈਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕਵਰ ਹੋਵੇਗਾ ਅਤੇ ਇਸ ਸਬੰਧੀ ਸਰਕਾਰ ਵਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ;

3. ਇਹ ਹਦਾਇਤਾਂ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਖੁਦ-ਮੁਖਤਿਆਰ ਅਤੇ ਅਰਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ/ਬੋਰਡਾਂ, ਨੀਮ-ਸਰਕਾਰੀ ਅਦਾਰਿਆਂ, ਕਮਿਸ਼ਨਾਂ, ਟ੍ਰਿਬਿਊਨਲਾਂ, ਸਹਿਕਾਰੀ ਸੰਸਥਾਵਾਂ, ਸੋਸਾਇਟੀਆਂ, ਸਥਾਨਕ ਸਰਕਾਰ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਦਾਰਿਆਂ ਤੇ ਵੀ ਲਾਗੂ ਹੋਣਗੀਆਂ। ਪੰਜਾਬ ਸਰਕਾਰ

ਚਲਦਾ--2

ਦੇ ਇਨ੍ਹਾਂ ਆਦਾਰਿਆਂ/ਸੰਸਥਾਵਾ ਵਿੱਚ ਜਿੱਥੇ ਪਹਿਲਾਂ ਹੀ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਲਾਗੂ ਹਨ, ਉਨ੍ਹਾਂ ਵਿੱਚ ਇਹ ਸੋਧਾਂ ਆਪਣੇ-ਆਪ (Automatically) ਲਾਗੂ ਹੋਣਗੀਆਂ ਅਤੇ ਜਿਹੜੇ ਅਦਾਰਿਆਂ ਵਿੱਚ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਲਾਗੂ ਨਹੀਂ ਹੁੰਦੇ, ਉਹ ਆਦਾਰੇ ਆਪਣੇ ਰੂਲਾਂ ਵਿੱਚ ਇਨ੍ਹਾਂ ਹਦਾਇਤਾਂ ਅਨੁਸਾਰ ਲੋੜੀਂਦੀ ਸੋਧ ਕਰਕੇ ਇਸ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੀ ਮਿਤੀ ਤੋਂ ਲਾਗੂ ਕਰਨਗੇ।

4. ਪੰਜਾਬ ਰਾਜ ਵਿੱਚ ਭਰਤੀ ਕਰਨ ਸਬੰਧੀ ਸਰਕਾਰ ਵਲੋਂ ਸਮੇਂ-ਸਮੇ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਇਸ ਸਬੰਧੀ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਪ੍ਰੋਸੀਜ਼ਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਕਿਸੇ ਕ੍ਰਿਸਮ ਦੀ ਭਰਤੀ ਕਰਨ ਤੋਂ ਪਹਿਲਾਂ ਸਰਕਾਰ ਦੀਆਂ ਪਹਿਲਾਂ ਹੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰੋਸੀਜ਼ਰ ਅਪਣਾਉਂਦੇ ਹੋਏ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਯਕੀਨੀ ਬਣਾਈ ਜਾਵੇਗੀ।

5. ਪ੍ਰਬੰਧਕੀ ਵਿਭਾਗਾਂ ਵਲੋਂ ਉਪਰੋਕਤ ਪੈਰ੍ਹਾ-3 ਅਨੁਸਾਰ ਉਨ੍ਹਾਂ ਅਧੀਨ ਆਉਂਦੇ ਅਦਾਰਿਆਂ ਲਈ ਇਨ੍ਹਾਂ ਫੈਸਲਿਆਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

6. ਇਹ ਸਕੀਮ ਪੰਜਾਬ ਸਿਵਲ ਸਰਵਿਸਿਜ਼ (ਜੁਡੀਸ਼ੀਅਲ ਬਰਾਂਚ) ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਦੀ ਤਨਖਾਹ ਜਸਟਿਸ ਈ. ਪਦਮਾਨਾਭਨ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਦਿੱਤੀ ਜਾਂਦੀ ਹੈ।

7 ਇਹ ਫੈਸਲੇ ਤੁਰੰਤ ਲਾਗੂ ਹੋਣਗੇ।

(ਕਮਲੇਸ਼ ਅਰੋੜਾ)
ਉੱਪ ਸਕੱਤਰ ਵਿੱਤ

ਪਿੱਠ ਅੰਕਣ ਨੰ:7/204/2012-4ਐਫ.ਪੀ.1/67 ਮਿਤੀ, ਚੰਡੀਗੜ੍ਹ, 15-1-2015

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਸੁਪਰਡੈਂਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/68 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ;
2. ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਸੁਪਰਡੈਂਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/69 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/70 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫ਼ਸਰਾਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/71 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇੰਨਫੋਟੈੱਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਅਤੇ ਨੋਟੀਫਿਕੇਸ਼ਨ ਨੰ: 7/204/2012-4ਵਿੱਪ੍ਰੋ1/60, ਮਿਤੀ 15-1-2015 ਨੂੰ ਪੰਜਾਬ ਸਰਕਾਰ ਦੀ ਵੈੱਬ-ਸਾਈਟ ਤੇ ਤੁਰੰਤ ਪਾਉਣ ਦੀ ਖੇਚਲ ਕੀਤੀ ਜਾਵੇ।

GOVERNMENT OF PUNJAB
DEPARTMENT OF FINANCE
(FINANCE PERSONNEL-1 BRANCH)

The 15th January, 2015

NOTIFICATION

No.7/204/2012-4FP1/60 :-In excercise of the powers conferred by the proviso to article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services Rules, Volume-1, Part-1, namely:-

RULES

1. (1) These rules may be called the Punjab Civil Services (2nd Amendment) Rules, Volume-1, Part-1, 2015.

(2) They shall come into force on and with effect from the date of their publication in the Official Gazette.

2. In the Punjab Civil Services Rules, Volume-1, Part-1 (hereinafter referred to as the said rules), after rule 2.20, the following rule, shall be inserted, namely:-

"2.20-A. 'Fixed Monthly Emoluments' means the emoluments, drawn by a Government employee but the said emoluments shall not include any Grade Pay, annual increment or any other allowance, except the travelling allowance as per entitlement of the post held by such employee."

3 In the said rules,-

(i) in rule 4.1, for sub-rule (1), the following sub-rule shall be substituted, namely:-

"(1) Subject to the rules contained in this Chapter, a competent authority may fix the pay of a Government employee, but his pay shall not be so increased as to exceed the pay sanctioned for his post without the sanction of the authority competent to create a post in the same cadre on a rate of pay equal to his pay when increased:

Provided that the Government employee [except a member of service of the Punjab Civil Services (Judicial Branch) and the employees covered under clause (a) of rule 4.4], shall be entitled to receive the emoluments, as specified in rule 2.20-A, during the period of his probation:

Provided further that if a Government employee falling under clause (a) of rule 4.4, is appointed to a post, his pay during the period of his probation, shall not exceed the pay, which he was drawing on the post on which he holds lien:

Provided further that when the services of a Government employee, are regularized, in that case the period spent on probation by him, shall not be treated to be the time, spent on such post.";

(ii) in rule 4.4, in clause (b), for the words "the time scale provided", the words "the time scale, on appointment in Government service in the case of a member of service of the Punjab Civil Service (Judicial Branch), and on completion of probation in other cases, provided."; and

Contd P/2

(iii) in rule 4.9, in clause (a), in Note 4, for the words "probationer is confirmed", the words "probationer, other than a probationer receiving fixed monthly emoluments, is confirmed" shall be substituted.

VINI MAHAJAN,
Principal Secretary to Government of Punjab,
Department of Finance.

Endorsement No. 7/204/2012-4FP1/61 Dated, Chandigarh, the 15th January, 2015

A copy is forwarded to the followings for information and necessary action:-

1. All the Heads of Departments;
2. Registrar, Punjab & Haryana High Court;
3. Commissioners of Divisions;
4. District and Sessions Judges, Punjab;
5. All Deputy Commissioners in the State of Punjab;
6. Chairman, Punjab State Language (Legislative) Commission
7. District Treasury Officers in the State.

Kamlesh Arora

(Kamlesh Arora)
Deputy Secretary Finance

Endorsement No. 7/204/2012-4FP1/62 Dated, Chandigarh, the 15th January, 2015

A copy is forwarded to :-

1. The Principal Accountant General (A&E), Punjab, Chandigarh; and
2. The Principal Accountant General (Audit), Punjab, Chandigarh for information and necessary action.

Superintendent

Endorsement No. 7/204/2012-4FP1/63 Dated, Chandigarh, the 15th January, 2015

A copy along with two attested copies to the Controller, Printing and Stationary Punjab, Chandigarh with the request to supply 500 printed copies after publication this notification in the ordinary gazettee of the Govt. of Punjab.

Superintendent

Endorsement No. 7/204/2012-4FP1/64 Dated, Chandigarh, the 15th January, 2015

A copy of the above is forwarded to the Chief Secretary to Government of Punjab, all the Financial Commissioners and Principal Secretaries/Administrative Secretaries to Government of Punjab for information and necessary action.

Superintendent

To

1. The Chief Secretary to Government of Punjab;
2. All the Financial Commissioners to Government of Punjab;
3. All the Principal Secretaries, to Government of Punjab; and
4. All the Administrative Secretaries to Government of Punjab.

Endorsement No. 7/204/2012-4FP1/65 Dated, Chandigarh, the 15th January, 2015

A copy is forwarded to Director, Public Enterprises and Disinvestment, Finance Department, Punjab for information and necessary action.

Superintendent